## ਹੋਮਵਰਕ ਜਾਰੀ

### ਹੋਮਵਰਕ ਕਰਨ ਨੂੰ ਕਿੰਨਾ ਸਮਾਂ ਲੱਗਦਾ ਹੈ?

ਜੇ ਅੰਗਰੇਜ਼ੀ ਸਿੱਖਦੇ ਵਿਦਿਆਰਥੀ ਨੂੰ ½ ਘੰਟੇ ਦਾ ਹੋਮਵਰਕ ਦਿੱਤਾ ਜਾਂਦਾ ਹੈ ਤਾਂ ਇਸ ਨੂੰ ਪੂਰਾ ਕਰਨ ਲਈ ਅਕਸਰ 1 ਤੋਂ 2 ਘੰਟੇ ਲੱਗ ਸਕਦੇ ਹਨ।

### ਹੋਮਵਰਕ ਕਿਸ ਨੂੰ ਕਰਨਾ ਚਾਹੀਦਾ ਹੈ?

ਹੋਮਵਰਕ **ਵਿਦਿਆਰਥੀ** ਨੂੰ ਹੀ ਕਰਨਾ ਚਾਹੀਦਾ ਹੈ।

ਕੁਝ ਮਾਪੇ ਇਹ ਸੋਚਦੇ ਹਨ ਕਿ ਵੱਡੇ ਭੈਣ/ਭਰਾ ਜਾਂ ਕਿਸੇ ਟਿਊਟਰ (ਨਿੱਜੀ ਟੀਚਰ) ਦੀ ਮਦਦ ਨਾਲ ਵਿਦਿਆਰਥੀ ਦੇ ਵਧੀਆ ਗਰੇਡ ਆਉਣਗੇ। ਮਦਦ, ਹਿਦਾਇਤਾਂ ਸਮਝਣ ਨੂੰ ਸੌਖਾ ਬਣਾਉਣ ਦੇ ਰੂਪ ਵਿਚ ਹੀ ਹੋਣੀ ਚਾਹੀਦੀ ਹੈ।

ਟੀਚਰ, ਕਲਾਸ ਅਤੇ ਹੋਮਵਰਕ ਲਈ ਕੰਮ ਦਿੰਦੇ ਹਨ। ਦੋਨਾਂ ਦੇ ਨੰਬਰ ਮਿਲਦੇ ਹਨ। ਜੇ ਵਿਦਿਆਰਥੀ ਆਪ ਕੰਮ ਕਰਨ ਦਾ ਕਾਫੀ ਅਭਿਆਸ ਨਾ ਕਰਨ ਤਾਂ ਹੋ ਸਕਦਾ ਹੈ ਕਿ ਸਮੁੱਚੇ ਰੂਪ ਵਿਚ ਉਨ੍ਹਾਂ ਦੇ ਨੰਬਰ ਚੰਗੇ ਨਾ ਆਉਣ।



### ਕੰਪਿਊਟਰ ਦੀ ਵਰਤੋਂ ਕਰਨਾ

ਐਲੀਮੈਂਟਰੀ ਦੇ ਵਿਦਿਆਰਥੀਆਂ ਨੂੰ ਖੋਜ ਲਈ ਜਾਂ ਗਰੁੱਪ ਪ੍ਰੋਜੈਕਟ `ਤੇ ਕੰਮ ਕਰਨ ਲਈ ਕੰਪਿਊਟਰ ਵਰਤਣ ਦੀ ਲੋੜ ਹੋ ਸਕਦੀ ਹੈ। ਜੇ ਤੁਹਾਡੇ ਕੋਲ ਘਰ ਵਿਚ ਕੰਪਿਊਟਰ ਨਹੀਂ ਹੈ ਤਾਂ ਪਬਲਿਕ ਅਤੇ ਸਕੂਲ ਲਾਇਬਰੇਰੀਆ ਵਿਚ ਕੰਪਿਊਟਰ ਹਨ ਜਿਨ੍ਹਾਂ ਦੀ ਵਰਤੋਂ ਤੁਹਾਡਾ ਬੱਚਾ ਕਰ ਸਕਦਾ ਹੈ।



“Homework in BC Elementary Schools”

[Punjabi]

ਇਹ ਬਰੋਸ਼ਰ ਵੈਨਕੂਵਰ ਸਕੂਲ ਬੋਰਡ ਦੇ ਸੈਟਲਮੈਂਟ ਵਰਕਰਾਂ ਵਲੋਂ ਸਪੌਂਸਰ ਕੀਤੇ ਗਏ ਕਈ ਬਰੋਸ਼ਰਾਂ ਵਿੱਚੋਂ ਇੱਕ ਹੈ ਅਤੇ ਇਸਦੀ ਰਚਨਾ ਕੁੱਝ ਈ ਐਸ ਐਲ ਅਧਿਆਪਕਾਂ ਅਤੇ ਵੈਨਕੂਵਰ ਸਕੂਲ ਬੋਰਡ ਦੇ ਮਲਟੀਕਲਚਰਲ ਲੀਏਜ਼ੋਨ ਵਰਕਰਾਂ ਨੇ ਮਿਲ ਕੇ ਕੀਤੀ ਹੈ।

ਅਸੀਂ ‘ਮਨਿਸਟਰੀ ਆਫ ਅਡਵਾਂਸਡ ਐਜੂਕੇਸ਼ਨ ਐਂਡ ਲੇਬਰ ਮਾਰਕਿਟ ਡਿਵੇਲੱਪਮੈਂਟ’ ਅਤੇ ‘ਸਿਟਿਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਕੈਨੇਡਾ’ ਵਲੋਂ ਮਿਲੀ ਵਿੱਤੀ ਮੱਦਦ ਲਈ ਧੰਨਵਾਦੀ ਹਾਂ।

# ਬੀ ਸੀ ਐਲੀਮੈਂਟਰੀ ਸਕੂਲਾਂ ਦੇ ਹੋਮਵਰਕ ਨੂੰ ਸਮਝਣਾ



*ਕਿੰਡਰਗਾਰਟਨ ਤੋਂ ਗਰੇਡ 7 ਤੱਕ*



## ਹੋਮਵਰਕ ਬਾਰੇ ਬੀ ਸੀ ਦੇ ਵਿਦਿਆ ਮਹਿਕਮੇ ਦੀਆਂ ਸੇਧਾਂ ਕਿਹੜੀਆਂ ਹਨ?

ਬੀ.ਸੀ. ਦਾ ਵਿਦਿਆ ਮਹਿਕਮਾ ਤਹਿ ਕਰਦਾ ਹੈ ਕਿ ਬੀ.ਸੀ. ਦੇ ਵਿਦਿਆਰਥੀਆਂ ਨੂੰ ਕਿੰਨਾ ਹੋਮਵਰਕ ਦਿੱਤਾ ਜਾਣਾ ਹੈ। ਇਹ ਸੇਧਾਂ ਹਨ:

**ਕਿੰਡਰਗਾਰਟਨ ਤੋਂ ਗਰੇਡ 3 ▶ ਕੋਈ ਹੋਮਵਰਕ ਨਹੀਂ**

**ਗਰੇਡ 4 ਤੋਂ 7 ▶ ਹਰ ਸ਼ਾਮ ਲਈ ½ ਘੰਟਾ**

## ਹੋਮਵਰਕ ਦੀਆਂ ਉਦਾਹਰਣਾਂ

- ਕਲਾਸ ਵਿਚ ਦਿੱਤੇ ਗਏ ਕਿਸੇ ਕੰਮ (ਅਸਾਇਨਮੈਂਟ) ਨੂੰ ਪੂਰਾ ਕਰਨਾ।
- ਇਕ ਨਿਸ਼ਚਤ ਸਮੇਂ ਲਈ ਅੰਗਰੇਜ਼ੀ ਜਾਂ ਮਾਂ ਬੋਲੀ ਵਿਚ ਕੋਈ ਕਿਤਾਬ ਪੜ੍ਹਨਾ।
- ਅੰਗੇਰਜ਼ੀ ਵਿਚ ਕੋਈ ਖਾਸ ਟੀ ਵੀ ਪ੍ਰੋਗਰਾਮ ਦੇਖਣਾ।
- ਵੱਖ ਵੱਖ ਵਸੀਲਿਆਂ ਤੋਂ ਜਾਣਕਾਰੀ ਇਕੱਠੀ ਕਰਨਾ।
- ਕਲਾਸ ਦੇ ਕਿਸੇ ਪ੍ਰੋਜੈਕਟ `ਤੇ ਕਲਾਸ ਦੇ ਸਾਥੀਆਂ ਨਾਲ ਰਲ ਕੇ ਕੰਮ ਕਰਨਾ।
- 'ਜਰਨਲ' ਲਿਖਣਾ।
- ਪਾਠ ਪੁਸਤਕ ਜਾਂ ਨਾਵਲ ਦੇ ਚੈਪਟਰ ਪੜ੍ਹਨਾ ਜਾਂ ਦੁਹਰਾਉਣਾ।

**ਬੀ ਸੀ ਵਿਚ, ਟੀਚਰ ਕੰਮ ਦੀ <u>ਮਾਤਰਾ</u> ਨਾਲੋਂ ਕੰਮ ਦੀ <u>ਕੁਆਲਟੀ</u> ਨੂੰ ਜ਼ਿਆਦਾ ਮਹੱਤਵ ਦਿੰਦੇ ਹਨ।**



## *ਹੋਮਵਰਕ ਦੇ ਮੰਤਵ*

***ਹੋਮਵਰਕ ਦੇਣ ਦੇ ਕਈ ਕਾਰਨ ਹਨ। ਟੀਚਰ ਚਾਹੁੰਦੇ ਹਨ ਕਿ ਵਿਦਿਆਰਥੀ:***

- *ਅਗਲੇ ਦਿਨ ਲਈ ਵੱਖਰੇ/ਨਵੇਂ ਕੰਮ ਲਈ ਤਿਆਰ ਹੋਣ।*
- *ਬਿਹਤਰ ਪਾਠਕ ਬਣਨ।*
- *ਉਨ੍ਹਾਂ ਦਾ ਸ਼ਬਦ-ਭੰਡਾਰ ਵਧੇ।*
- *ਦੂਜਿਆਂ ਨੂੰ ਕਹਾਣੀ ਦੁਬਾਰਾ ਸੁਣਾਉਣ ਦੇ ਯੋਗ ਹੋਣ - ਉੱਚੀ ਬੋਲ ਕੇ ਜਾਂ ਲਿਖ ਕੇ।*
- *ਜ਼ਬਾਨ ਦੇ ਹੁਨਰ ਸਿੱਖਣ ਅਤੇ ਇਨ੍ਹਾਂ ਦਾ ਅਭਿਆਸ ਕਰਨ।*
- *ਕਿਸੇ ਕਹਾਣੀ ਦੇ ਵਿਕਾਸ ਨੂੰ ਗ੍ਰਹਿਣ ਕਰਨ ਦੀ ਸਮਰਥਾ ਵਿਚ ਸੁਧਾਰ ਕਰਨ।*
- *ਜੋੜਿਆਂ ਜਾਂ ਗਰੁੱਪਾਂ ਵਿਚ ਰਲ ਕੇ ਕੰਮ ਕਰਨਾ ਸਿੱਖਣ ਜਾਂ ਅਭਿਆਸ ਕਰਨ।*
- *ਇਹ ਭਵਿੱਖਬਾਣੀ ਕਰਨ ਦੀ ਸਮਰਥਾ ਵਿਚ ਸੁਧਾਰ ਕਰਨ ਕਿ ਕਹਾਣੀ ਵਿਚ ਅਗਾਂਹ ਕੀ ਹੋ ਸਕਦਾ ਹੈ।*
- *ਲਿਖਾਈ ਸੁਧਾਰਨ*